नामांक Roll No.

| | | | | | | |
|---|---|---|---|---|---|---|
| | | | | | | |

No. of Questions – **10**

No. of Printed Pages – **8**

# S-75-Punjabi (T.L.) (Supp.)

## पंजाबी (PUNJABI)

## (THIRD LANGUAGE)

## माध्यमिक पूरक परीक्षा, 2020

**समय : 3¼ घण्टे**

**पूर्णांक : 80**

**ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :**

(1) ਪ੍ਰੀਖਿਆਰਥੀ ਸਭ ਤੋਂ ਪਹਿਲਾਂ ਆਪਣੇ ਪ੍ਰਸ਼ਨ–ਪੱਤਰ ’ਤੇ ਆਪਣਾ ਰੋਲ ਨੰਬਰ ਜ਼ਰੂਰ ਲਿਖੇ ।

(2) ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

(3) ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ–ਪੁਸਤਿਕਾ ’ਤੇ ਹੀ ਲਿਖੋ ।

(4) ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਬਰਾਬਰ ਅੰਕ ਵਾਲੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇੱਕ ਥਾਂ ’ਤੇ ਇੱਕ ਹੀ ਤਰਤੀਬ ਵਿੱਚ ਲਿਖੋ ।

1. ਧਰਮ ਅਤੇ ਸਦਾਚਾਰ ਦੇ ਨੇਮਾਂ ਦੀ ਕਸੱਵਟੀ ਇਹ ਹੈ ਕਿ ਉਹ ਮਨੁੱਖ ਨੂੰ ਕਿੰਨਾ ਕੁ ਚੰਗਾ ਬਣਾਉਂਦੇ ਹਨ । ਮਨੁੱਖ ਜਨਮ ਤੋਂ ਹੀ ਕਿਸੇ ਅਣਦੇਖੀ ਸ਼ਕਤੀ ਤੋਂ ਭੈਅ ਖਾਂਦਾ ਰਿਹਾ ਹੈ । ਕੁਦਰਤੀ ਆਫ਼ਤਾਂ ਉਸਨੂੰ ਹਮੇਸ਼ਾਂ ਕਮਜ਼ੋਰ ਬਣਾਉਂਦੀਆਂ ਰਹੀਆਂ ਹਨ । ਮਨੁੱਖ ਦੀ ਇਸ ਕਮਜ਼ੋਰੀ ਦਾ ਫ਼ਾਇਦਾ ਸਾਡੇ ਧਾਰਮਿਕ ਆਗੂਆਂ ਨੇ ਖ਼ੂਬ ਉਠਾਇਆ । ਜਿੱਥੇ ਸਾਡੇ ਸ਼ਾਸਤਰ ਮਨੁੱਖ ਨੂੰ ਸਿਰ ਉੱਚਾ ਕਰਕੇ ਜੀਉਣ ਦੀ ਜਾਚ ਦੱਸਦੇ ਹਨ, ਉੱਥੇ ਸਾਡੇ ਧਾਰਮਿਕ ਆਗੂ ਮਨੁੱਖ ਨੂੰ ਮਾਨਸਿਕ ਤੌਰ 'ਤੇ ਧਰਮ ਦਾ ਗੁਲਾਮ ਬਣਾ ਦਿੰਦੇ ਹਨ । ਮੁੱਢ ਤੋਂ ਹੀ ਮਨੁੱਖ ਦੀ ਇਸ ਪ੍ਰਵਿਰਤੀ ਨੇ ਸਮਾਜ ਵਿੱਚ ਨਾ-ਬਰਾਬਰੀ ਨੂੰ ਸ਼ਹਿ ਦਿੱਤੀ, ਜਿਸ ਕਾਰਣ ਵਰਣ, ਜਾਤ, ਧਰਮ ਅਤੇ ਨਸਲ ਦੇ ਬਿਤਕਰਿਆਂ ਨੇ ਮਨੁੱਖ ਦੀਆਂ ਸਾਰੀਆਂ ਸ਼ਕਤੀਆਂ ਨੂੰ ਛਿੱਕੇ ਤੇ ਟੰਗ ਦਿੱਤਾ ਤੇ ਪਿੱਛੇ ਰਹਿ ਗਈ ਕਾਣੀ-ਵੰਡ, ਧਾਰਮਿਕ ਭੇਦ-ਭਾਵ ਤੇ ਸੰਪ੍ਰਦਾਇਕਤਾ । **(2 + 2 + 2 + 2 + 2 = 10)**

(ੳ) ਉਪਰੋਕਤ ਪੈਰ੍ਹੇ ਦਾ ਢੁਕਵਾਂ ਸਿਰਲੇਖ ਦਿਉ ।

(ਅ) ਧਰਮ ਅਤੇ ਸਦਾਚਾਰਕ ਨੇਮਾਂ ਦੀ ਕਸਵੱਟੀ ਕੀ ਹੈ ?

(ੲ) ਮਨੁੱਖ ਦੀ ਕਿਹੜੀ ਕਮਜ਼ੋਰੀ ਦਾ ਫ਼ਾਇਦਾ ਧਾਰਮਿਕ ਆਗੂਆਂ ਨੇ ਉਠਾਇਆ ਹੈ ?

(ਸ) ਮਨੁੱਖ ਦੀ ਕਿਹੜੀ ਪ੍ਰਵਿਰਤੀ ਕਾਰਨ ਸਮਾਜ ਵਿੱਚ ਨਾ-ਬਰਾਬਰੀ ਨੂੰ ਸ਼ਹਿ ਮਿਲੀ ਹੈ ?

(ਹ) ਔਖੇ ਸ਼ਬਦਾਂ ਦੇ ਅਰਥ ਲਿਖੋ :

ਨੇਮ, ਭੈਅ, ਆਫ਼ਤ, ਵਿਤਕਰਾ ।

2. ਹੇਠ ਦਿੱਤੇ ਕਿਸੇ ਇੱਕ ਵਿਸ਼ੇ ਉੱਪਰ ਲੇਖ-ਰਚਨਾ ਕਰੋ : **(10)**

(ੳ) ਸਾਡਾ ਮੁੱਖ-ਅਧਿਆਪਕ

(ਅ) ਹੋਲੀ

(ੲ) ਮਹਿੰਗਾਈ

(ਸ) ਵਿਦਿਆਰਥੀ ਅਤੇ ਫ਼ੈਸ਼ਨ

3. ਆਪਣੇ ਸਕੂਲ ਦੇ ਮੁੱਖ-ਅਧਿਆਪਕ ਨੂੰ ਬੀਮਾਰੀ ਦੀ ਛੁੱਟੀ ਲੈਣ ਲਈ ਬਿਨੈ ਪੱਤਰ ਲਿਖੋ । **(1 + 3 + 1 = 5)**

**ਜਾਂ**

ਤੁਸੀਂ ਹੋਸਟਲ ਵਿੱਚ ਰਹਿ ਕੇ ਪੜ੍ਹਾਈ ਕਰ ਰਹੇ ਹੋ । ਤੁਹਾਨੂੰ ਕਿਤਾਬਾਂ ਅਤੇ ਹੋਰ ਜ਼ਰੂਰਤਾਂ ਲਈ ਧਨ ਦੀ ਲੋੜ ਹੈ । ਆਪਣੇ ਪਿਤਾ ਜੀ ਨੂੰ ਆਪਣੀਆਂ ਜ਼ਰੂਰਤਾਂ ਦੱਸਦੇ ਹੋਏ ਪੈਸੇ ਮੰਗਵਾਉਣ ਲਈ ਪੱਤਰ ਲਿਖੋ ।

4. (ੳ) 'ਦੁਆਬੀ' ਉਪਭਾਸ਼ਾ ਕਿਹੜੇ-ਕਿਹੜੇ ਖੇਤਰਾਂ ਵਿੱਚ ਬੋਲੀ ਜਾਂਦੀ ਹੈ ? **(2)**

(ਅ) ਪੰਜਾਬੀ ਦੇ ਨਾਸਿਕੀ ਵਿਅੰਜਨ ਕਿਹੜੇ-ਕਿਹੜੇ ਹਨ ? **(2)**

(ੲ) ਗੁਰਮੁਖੀ ਲਿਪੀ ਵਿੱਚ ਕਿੰਨੇ 'ਦੁੱਤਅੱਖਰ' ਹਨ ? ਵੇਰਵਾ ਦਿਉ । **(2)**

5. (ੳ) ਵਿਰੋਧੀ ਸ਼ਬਦ ਲਿਖੋ : (ਕੋਈ **ਤਿੰਨ**) **(3)**

ਇਮਾਨਦਾਰ, ਹਾਜ਼ਰ, ਸੰਜੋਗ, ਵਰ, ਜੰਗ

(ਅ) ਕਿਸੇ ਤਿੰਨ ਸ਼ਬਦਾਂ ਦੇ **ਦੋ–ਦੋ** ਸਮਾਨਾਰਥਕ ਸ਼ਬਦ ਲਿਖੋ : **(3)**

ਉੱਤਮ, ਅਮਨ, ਆਦਰ, ਸੋਹਣਾ, ਧਰਤੀ

(ੲ) ਕਿਸੇ ਤਿੰਨ ਸ਼ਬਦਾਂ ਦੇ **ਦੋ–ਦੋ** ਬਹੁਅਰਥਕ ਸ਼ਬਦ ਲਿਖੋ ਅਤੇ ਵਾਕ–ਪ੍ਰਯੋਗ ਰਾਹੀਂ ਸਪਸ਼ਟ ਕਰੋ – **(3)**

ਉਲਟੀ, ਕੱਚਾ, ਧਾਰ, ਸੂਤ, ਫੁੱਲ

6. ਹੇਠ ਲਿਖੇ ਕਿਸੇ **ਇੱਕ** ਕਾਵਿ–ਬੰਦ ਨਾਲ ਸੰਬੰਧਿਤ ਸੁਆਲਾਂ ਦੇ ਜੁਆਬ ਦਿਓ : **(2½+2½+2½+2½ = 10)**

(ੳ) ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ।।

ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ।।

ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ ।।

(i) ਉਪਰੋਕਤ ਸਤਰਾਂ ਦਾ ਪ੍ਰਸੰਗ ਲਿਖੋ ।

(ii) ਉਪਰੋਕਤ ਕਾਵਿ–ਬੰਦ ਦੀ ਸਰਲ ਵਿਆਖਿਆ ਕਰੋ ।

(iii) ‘ਤੈਂ ਕੀ ਦਰਦੁ ਨ ਆਇਆ’ ਸ਼ਬਦ ਕਿਸ ਨੂੰ ਸੰਬੋਧਿਤ ਹਨ ਤੇ ਕਿਉਂ ?

(iv) ਔਖੇ ਸ਼ਬਦਾਂ ਦੇ ਅਰਥ ਲਿਖੋ –

ਖੁਰਾਸਾਨ, ਖਸਮਾਨਾ, ਕਰਤਾ, ਮੁਗਲੁ, ਕੁਰਲਾਣੇ

**ਜਾਂ**

(ਅ) ਕਿਥੋਂ ਦਿਆਂ ਪੰਛੀਆਂ ਨੂੰ ਕਿੱਥੋਂ ਚੋਗਾ ਲੱਭਿਆ ।

ਧੀਆਂ ਦੇ ਵਸੇਬੇ ਲਈ ਬਾਪੂ ਦੇਸ ਛੱਡਿਆ ।

ਕਿੰਨਾ ਹੈ ਮਹਾਨ ਦੇਸ ਓਦੋਂ ਪਤਾ ਲੱਗਿਆ ।

ਡੂੰਘਾ ਮੇਰੀ ਹਿੱਕ 'ਚ ਤਰੰਗਾ ਗਿਆ ਗੱਡਿਆ ।

ਝੁੱਲ ਓ ਤਰੰਗਿਆ ਤੂੰ ਝੁੱਲ ਸਾਡੀ ਖ਼ੈਰ ਏ ।

(i) ਉਪਰੋਕਤ ਕਾਵਿ–ਸਤਰਾਂ ਦਾ ਪ੍ਰਸੰਗ ਬਿਆਨ ਕਰੋ ।

(ii) ਉਪਰੋਕਤ ਕਾਵਿ–ਬੰਦ ਦੀ ਵਿਆਖਿਆ ਲਿਖੋ ।

(iii) 'ਡੂੰਘਾ ਮੇਰੀ ਹਿੱਕ 'ਚ ਤਰੰਗਾ ਗਿਆ ਗੱਡਿਆ ।' ਤੁੱਕ ਕਵੀ ਦੀ ਕਿਸ ਮਨੋ–ਭਾਵਨਾ ਦਾ ਪ੍ਰਗਟਾਵਾ ਕਰਦੀ ਹੈ ?

(iv) ਔਖੇ ਸ਼ਬਦਾਂ ਦੇ ਅਰਥ ਲਿਖੋ –

ਚੋਗਾ, ਵਸੇਬਾ, ਹਿੱਕ, ਝੁੱਲ, ਖ਼ੈਰ ।

7. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਦੇ ਉੱਤਰ ਦਿਉ : **(5 + 5 = 10)**

(ੳ) 'ਜਗਤੁ ਜਲੰਦਾ ਰਖਿ ਲੈ' ਸ਼ਬਦ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ।

(ਅ) 'ਬਸ ਕਰ ਜੀ ਹੁਣ ਬਸ ਕਰ ਜੀ' ਕਾਫ਼ੀ ਦਾ ਸਾਰ ਆਪਣੇ ਸ਼ਬਦਾ ਵਿੱਚ ਲਿਖੋ ।

(ੲ) 'ਰੁੱਖ' ਕਵਿਤਾ ਵਿੱਚ ਕਵੀ ਨੇ ਕਿਹੜੇ–ਕਿਹੜੇ ਰਿਸ਼ਤਿਆਂ ਦੀ ਗੱਲ ਕੀਤੀ ਹੈ ? ਅਤੇ ਉਨ੍ਹਾਂ ਬਾਰੇ ਕੀ ਵਿਚਾਰ ਪੇਸ਼ ਕੀਤੇ ਹਨ ?

(ਸ) 'ਵਿਸਾਖੀ ਦਾ ਮੇਲਾ' ਕਵਿਤਾ ਦਾ ਸਾਰ ਲਿਖੋ ।

8. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ – (ਕੋਈ ਪੰਜ) : **(2 + 2 + 2 + 2 + 2 = 10)**

(ੳ) ਮਿਲਖਾ ਸਿੰਘ ਨੂੰ ਕਿਹੜੇ–ਕਿਹੜੇ ਨਾਂ ਨਾਲ ਉਪਮਾ ਦਿੱਤੀ ਜਾਂਦੀ ਹੈ ?

(ਅ) ਮਹਾਰਾਜਾ ਗੰਗਾ ਸਿੰਘ ਨੂੰ ਮਿਲੀਆਂ ਪੰਜ ਉਪਾਧੀਆਂ ਦੇ ਨਾਂ ਲਿਖੋ ।

(ੲ) ਭਾਈ ਮਰਦਾਨਾ ਜੀ ਦਾ ਨਾਂ 'ਮਰਦਾਨਾ' ਕਿਵੇਂ ਪਿਆ ?

(ਸ) ਸਾਧ ਤੇ ਕਿਰਤੀ ਦੇ ਲੱਛਣ ਕਿਵੇਂ ਮਿਲਦੇ ਹਨ ?

(ਹ) ਲੇਖਕ ਤੇ ਉਸਦੀ ਭੈਣ ਨੂੰ ਜਰਨੈਲੀ ਸੜਕ ਭੈ–ਸਾਗ਼ਰ ਕਿਉਂ ਲੱਗਦੀ ਸੀ ?

(ਕ) ਸਾਂਝੀ ਕੰਧ ਦਾ ਝਗੜਾ ਕਿੰਨ੍ਹਾਂ ਵਿਚਕਾਰ ਸੀ ? ਤੇ ਕਿਉਂ ?

(ਖ) ਜੱਗਰ ਦਾ ਕਤਲ ਕਿਸ ਨੇ ਕੀਤਾ ਸੀ ? ਤੇ ਕਿਉਂ ?

(ਗ) ਦਿਆਲ ਨੂੰ ਘਰ ਫਿਰਦਾ ਵੇਖ ਕੇ ਨਾਲ ਦੀ ਵਹੁਟੀ ਕੀ–ਕੀ ਸੋਚਾਂ ਸੋਚਦੀ ਸੀ ?

9. 'ਗੰਗਾਦੀਨ' ਨਿਬੰਧ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ । **(5)**

**ਜਾਂ**

ਰਾਜਸਥਾਨ ਦੇ ਕਿਲ੍ਹਿਆਂ ਦੀਆਂ ਕੀ–ਕੀ ਵਿਸ਼ੇਸ਼ਤਾਵਾਂ ਹਨ ? ਵੇਰਵਾ ਦਿਉ ।

10. ‘ਦੁੱਧ ਦਾ ਛੱਪੜ’ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ । **(5)**

**ਜਾਂ**

‘ਪਹੁਤਾ ਪਾਂਧੀ’ ਕਹਾਣੀ ਦੇ ਮੁੱਖ ਪਾਤਰ ‘ਮੇਜਰ ਸਾਹਿਬ’ ਦੇ ਸੁਭਾਅ ਉੱਪਰ ਚਾਨਣਾ ਪਾਉ ।

DO NOT WRITE ANYTHING HERE